ਧਾਰਮਿਕ ਗਿਆਨ

ਜਮਾਤ- ਤੀਸਰੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਇੱਕ ਵੇਰ ਸਤਿਗੁਰੂ ਰਾਮ ਸਿੰਘ ਜੀ
ਕੋਲ ਸਿੱਖਾਂ ਨੇ ਅਰਜ਼ ਕੀਤੀ,
"ਸੱਚੇ ਪਾਤਸ਼ਾਹ, ਤੁਸੀਂ ਰਾਜ਼ੀ
ਕੀਹਦੇ ਤੇ ਰਹਿੰਦੇ ਹੋ?
ਕੀਹਦੇ ਤੇ ਖੁਸ਼ ਹੋ?
ਉਹ ਆਂਹਦੇ ਨੇ, ਜਿਹੜਾ ਰਜ਼ਾ
ਵਿੱਚ ਰਾਜ਼ੀ ਹੋਵੇ।"

ਉਪਦੇਸ਼-
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਧਾਰਮਿਕ ਗਿਆਨ

ਜਮਾਤ- ਤੀਸਰੀ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ- 2019
ਗਿਣਤੀ- 500

ਕੀਮਤ : 100/-

ਛਾਪਕ :
ਫੋਇਲ ਪ੍ਰਿੰਟਰਜ਼
ਗੋਬਿੰਦ ਨਗਰ, ਲੁਧਿਆਣਾ

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126

ਦੋ ਸ਼ਬਦ

ਇਹ ਪਾਠ ਪੁਸਤਕਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਇਸ ਪਿੱਛੇ ਮਨੋਰਥ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸ਼ੁਭ ਅਮਲਾਂ ਨਾਲ ਜੋੜਨਾ ਹੈ।


ਇਨ੍ਹਾਂ ਪਾਠ ਪੁਸਤਕਾਂ ਲਈ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਅਗਲੇ ਐਡੀਸ਼ਨ ਲਈ ਉਹਨਾਂ ਦਾ ਸੁਆਗਤ ਹੋਵੇਗਾ।

ਪ੍ਰਿੰ. ਸਤਵੰਤ ਕੌਰ

ਸੰਪ: 92125-94349

....

ਤਤਕਰਾ



ਰਾਮ ਸਰੋਵਰ

ਸ੍ਰੀ ਭੈਣੀ ਸਾਹਿਬ

ਜਪੁਜੀ ਸਾਹਿਬ

ੴ
ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥
॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ।
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇੱਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥

ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਪ੍ਰਸ਼ਾਦਾ ਛਕਣ ਉਪਰੰਤ ਅਰਦਾਸ

ਸਲੋਕ

ਦਾਸਹੁ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ॥

ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ॥੧॥

ਪਉੜੀ

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥ ਦੇਂਦੇ ਤੋਟਿ ਨਾ ਆਵਈ ਅਗਨਤ ਭਰੇ ਭੰਡਾਰ॥

ਦੈਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥

ਦੋਸੁ ਨਹੀ ਕਾਹੂ ਕਉ ਮੀਤਾ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ॥


ਦਰਦ ਨਿਵਾਰਹਿ ਜਾ ਕੇ ਆਪੇ॥ ਨਾਨਕ ਤੇ ਤੇ ਗੁਰਮੁਖ ਧਾਪੇ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇਰੀ ਦੇਗੋਂ ਪ੍ਰਸ਼ਾਦਾ ਛਕਿਆ, ਲੋਹ ਲੰਗਰ ਤਪੇ, ਸਾਧ ਸੰਗਤ ਛਕੇ, ਅਤੁੱਟ ਭੰਡਾਰ ਵਰਤੇ, ਦੇਗੋਂ ਤੇਗੋਂ ਫਤਹਿ। ਸ੍ਰੀ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ॥

ਲੋਹ ਸੋਨੇ ਦੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ 20-22 ਸਾਲ ਦੇ ਹੋਏ ਤਾਂ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ । ਫੌਜ ਵਿੱਚ ਰਹਿੰਦਿਆਂ ਵੀ ਆਪ ਸਦਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ । ਇਸੇ ਭਜਨ ਬੰਦਗੀ ਕਾਰਨ ਆਪ ਜੀ ਦੀ ਪਲਟਨ ਦਾ ਨਾਂ ਭਗਤਾਂ ਵਾਲੀ ਪਲਟਨ ਪੈ ਗਿਆ ।



ਫੌਜ ਦੀ ਨੌਕਰੀ ਕਰਦਿਆਂ ਇੱਕ ਦਿਨ ਆਪ ਜੀ ਲੋਹ 'ਤੇ ਪਰਸ਼ਾਦੇ ਪਕਾ ਰਹੇ ਸਨ। ਸੂਬੇਦਾਰ ਦੇ ਅਰਦਲੀ ਨੇ ਆ ਕੇ ਕਿਹਾ "ਪਹਿਲਾਂ ਸੂਬੇਦਾਰ ਲਈ ਮੈਂ ਪਰਸ਼ਾਦਾ ਪਕਾਵਾਂਗਾ ਤੁਸੀਂ ਬਾਅਦ ਵਿੱਚ ਪਕਾ ਲੈਣਾ", ਇਹ ਸੁਣ ਆਪ ਜੀ ਨੇ ਅੱਧੀ ਲੋਹ 'ਤੇ ਕਿਰਪਾਨ ਨਾਲ ਲਕੀਰ ਖਿੱਚ ਦਿੱਤੀ ਅਤੇ ਬਚਨ ਕੀਤਾ, "ਅੱਧੀ ਲੋਹ 'ਤੇ ਤੂੰ ਪਰਸ਼ਾਦੇ ਪਕਾ ਲੈ 'ਤੇ ਅੱਧੀ ਲੋਹ 'ਤੇ ਅਸੀਂ ਪਕਾ ਲੈਂਦੇ ਹਾਂ। "

ਸਤਿਗੁਰੂ ਰਾਮ ਸਿੰਘ ਜੀ ਦੇ ਲੀਕ ਖਿੱਚਣ ਮਗਰੋਂ ਉਹਨਾਂ ਵਾਲਾ ਪਾਸਾ ਸੋਨੇ ਦਾ ਹੋ ਗਿਆ ਅਤੇ ਦੂਜਾ ਪਾਸਾ ਲੋਹੇ ਦਾ ਹੀ ਰਿਹਾ। ਇਹ ਕੌਤਕ ਵੇਖ ਕੇ ਅਰਦਲੀ ਭੱਜਾ-ਭੱਜਾ ਸੂਬੇਦਾਰ ਕਾਹਨ ਸਿੰਘ ਨੂੰ ਸੱਦ ਲਿਆਇਆ। ਸੂਬੇਦਾਰ ਇਹ ਕੌਤਕ ਵੇਖ ਕੇ ਚਰਨੀਂ ਢਹਿ ਪਿਆ ਅਤੇ ਸਤਿਗੁਰਾਂ ਦਾ ਸਿੱਖ ਬਣ ਗਿਆ ।

ਪ੍ਰਸ਼ਨ:-

1. ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋਣ ਸਮੇਂ ਸਤਿਗੁਰੂ ਰਾਮ ਸਿੰਘ ਜੀ ਕਿੰਨੀ ਉਮਰ ਦੇ ਸਨ ?

2. ਆਪ ਜੀ ਦੀ ਪਲਟਨ ਦਾ ਕੀ ਨਾਂ ਸੀ ?

3. ਫੌਜ ਦੀ ਨੌਕਰੀ ਕਰਦੇ ਸਮੇਂ, ਪਰਸ਼ਾਦੇ ਪਕਾਉਣ ਲਈ ਕਿਸ ਨਾਲ ਝਗੜਾ ਹੋ ਗਿਆ?

4. ਲੋਹ ਤੇ ਕਿਰਪਾਨ ਨਾਲ ਲੀਕ ਮਾਰ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਕੀ ਹੁਕਮ ਕੀਤਾ?

5. ਕੌਤਕ ਦੇਖ ਕੇ ਸੂਬੇਦਾਰ ਨੇ ਕੀ ਕੀਤਾ ?

ਮਨੁੱਖੀ ਧਰਮ- ਹੱਥੀਂ ਕੰਮ ਕਰਨਾ

ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਪਿਆਸ ਲੱਗੀ । ਜਲ ਮੰਗਣ ਤੇ ਇੱਕ ਸਿੱਖ ਪਾਣੀ ਲੈ ਆਇਆ । ਜਦੋਂ ਸਤਿਗੁਰੂ ਜੀ ਜਲ ਛਕਣ ਲੱਗੇ ਤਾਂ ਆਪ ਜੀ ਦੀ ਨਜ਼ਰ ਉਸ ਸਿੱਖ ਦੇ ਹੱਥਾਂ ਉੱਤੇ ਪੈ ਗਈ । ਸਤਿਗੁਰਾਂ ਪੁੱਛਿਆ, "ਬਈ ਸਿੱਖਾ, ਤੇਰੇ ਹੱਥ ਬੜੇ ਕੋਮਲ ਹਨ। " ਉਹ ਸਿੱਖ ਬੜੇ ਹੰਕਾਰ ਨਾਲ ਕਹਿੰਦਾ - "ਜੀ ਮੇਰੇ ਘਰ ਬੜੇ ਨੌਕਰ-ਚਾਕਰ ਹਨ। ਮੈਨੂੰ ਕਦੇ ਕੋਈ ਕੰਮ ਕਰਨਾ ਨਹੀਂ ਪੈਂਦਾ। ਇਸੇ ਕਰਕੇ ਮੇਰੇ ਹੱਥ ਕੋਮਲ ਹਨ । ਬੱਸ ਅੱਜ ਤੁਹਾਨੂੰ ਹੀ ਜਲ ਛਕਾਉਣ ਲੱਗਾ ਹਾਂ। "



ਇਹ ਸੁਣ ਕੇ ਸਤਿਗੁਰੂ ਜੀ ਨੇ ਜਲ ਵਾਲਾ ਭਾਂਡਾ ਵਾਪਸ ਕਰਦਿਆਂ ਬਚਨ ਕੀਤਾ, "ਜਿਹੜੇ ਹੱਥਾਂ ਨੇ ਕਦੇ ਮਿਹਨਤ ਨਹੀਂ ਕੀਤੀ, ਕਦੇ ਸੇਵਾ ਨਹੀਂ ਕੀਤੀ, ਭਲਾ ਉਹ ਪਵਿੱਤਰ ਕਿਵੇਂ ਹੋ ਸਕਦੇ ਹਨ । ਜਾਹ, ਲੈ ਜਾਹ ਜਲ, ਮੈਂ ਤੇਰੇ ਅਪਵਿੱਤਰ ਹੱਥਾਂ ਤੋਂ ਜਲ ਨਹੀਂ ਛਕਣਾ । ਪਵਿੱਤਰਤਾ ਤਾਂ ਮਿਹਨਤ ਅਤੇ ਸੇਵਾ ਤੋਂ ਹੀ ਪ੍ਰਾਪਤ ਹੋ ਸਕਦੀ ਹੈ । ਆਪ ਵੀ ਮਿਹਨਤ ਕਰੋ ਅਤੇ ਦੂਜਿਆਂ ਦੀ ਸੇਵਾ ਕਰੋ। " ਇਹ ਉਪਦੇਸ਼ ਸੁਣ ਕੇ ਸਿੱਖ ਸੇਵਾ ਕਰਨ ਲੱਗਾ।

ਸਤਿਗੁਰੂ ਜੀ ਬਹੁਤ ਸੇਵਕਾਂ ਦੇ ਹੁੰਦਿਆਂ ਵੀ ਆਪ ਆਪਣਾ ਕਾਰਜ ਕਰਦੇ, ਸੇਵਾ ਕਰਦੇ ਕਿਉਂਕਿ ਆਪ ਮਿਹਨਤ ਅਤੇ ਸੇਵਾ ਕਰਨਾ ਮਨੁੱਖੀ ਧਰਮ ਸਮਝਦੇ ਸਨ ।

ਪ੍ਰਸ਼ਨ:-

1. ਗੁਰੂ ਗੋਬਿੰਦ ਸਿੰਘ ਜੀ ਨੂੰ ਪਿਆਸ ਲੱਗਣ ਤੇ ਸਿੱਖ ਨੇ ਕੀ ਕੀਤਾ ?

2. ਜਲ ਛਕਣ ਵੇਲੇ ਸਤਿਗੁਰੂ ਜੀ ਦੀ ਨਜ਼ਰ ਕਿੱਥੇ ਪਈ ?

3. ਸਤਿਗੁਰੂ ਜੀ ਨੇ ਕੀ ਬਚਨ ਕੀਤਾ ?

4. ਸਿੱਖ ਨੇ ਸਤਿਗੁਰੂ ਜੀ ਨੂੰ ਕੀ ਦੱਸਿਆ ?

5. ਸਤਿਗੁਰੂ ਜੀ ਨੇ ਜਲ ਵਾਲਾ ਭਾਂਡਾ ਵਾਪਸ ਕਿਉਂ ਕੀਤਾ ?

ਸੇਵਾ ਦੀ ਜਾਚ (ਇਸ਼ਨਾਨ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੇਵਾ ਕਰਨ ਵਾਲਿਆਂ ਤੇ ਬਹੁਤ ਪ੍ਰਸੰਨ ਹੁੰਦੇ ਸੀ । ਆਪ ਜੀ ਆਪਣੇ ਰੁਝਾਨ 'ਚੋਂ ਸਮਾਂ ਕੱਢ ਕੇ ਸੇਵਾ ਕਰਦੇ ਅਤੇ ਸਾਧ ਸੰਗਤ ਨੂੰ ਸੇਵਾ ਦੀ ਜਾਚ ਦੱਸਦੇ।

ਜਦੋਂ ਵੀ ਕਦੇ ਭੈਣੀ ਸਾਹਿਬ ਵਿੱਚ ਜਪ ਪ੍ਰਯੋਗ, ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਜਾਂ ਹਵਨ ਹੁੰਦੇ, ਸਾਧ ਸੰਗਤ ਬੜੇ ਉਤਸ਼ਾਹ ਨਾਲ ਹਿੱਸਾ ਲੈਣ ਲਈ ਭੈਣੀ ਸਾਹਿਬ ਪਹੁੰਚਦੀ। ਸਾਧ ਸੰਗਤ ਦੀ ਸੇਵਾ ਕਰਨ ਲਈ ਸਤਿਗੁਰੂ ਜੀ ਆਪ ਉਚੇਚੇ ਤੌਰ 'ਤੇ ਪ੍ਰਬੰਧ ਦੇਖਦੇ। ਏਨਾ ਹੀ ਨਹੀਂ, ਸਤਿਗੁਰੂ ਜੀ ਅੱਧੀ ਰਾਤ ਨੂੰ ਚਾਦਰ ਦੀ ਬੁੱਕਲ ਮਾਰ ਕੇ ਖੂਹ ਤੇ ਆ ਜਾਂਦੇ ਅਤੇ ਪਾਣੀ ਕੱਢ ਕੇ ਸਾਧ ਸੰਗਤ ਨੂੰ ਆਪਣੇ ਹੱਥੀਂ ਇਸ਼ਨਾਨ ਕਰਵਾਉਂਦੇ ।



ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਕਿ ਸੇਵਾ ਕਰੋ ਮਗਰ ਰੌਲਾ ਨਾ ਪਾਉ । ਏਸੇ ਕਰਕੇ ਉਹ ਆਪਣੇ ਆਪ ਨੂੰ ਛੁਪਾ ਕੇ ਸੇਵਾ ਕਰਦੇ ਹੁੰਦੇ ਸਨ । ਸਾਧ ਸੰਗਤ ਨੂੰ ਤੇ ਪਤਾ ਵੀ ਨਹੀਂ ਸੀ ਚਲਦਾ ਕਿ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਆਪਣੇ ਕਰ ਕਮਲਾਂ ਨਾਲ ਇਸ਼ਨਾਨ ਕਰਵਾਇਆ ਸੀ।

ਪ੍ਰਸ਼ਨ:-

1. ਸਤਿਗੁਰੂ ਜਗਜੀਤ ਸਿੰਘ ਜੀ ਕਿਸ ਤੇ ਪ੍ਰਸੰਨ ਹੁੰਦੇ ਸਨ ?


2. ਸਤਿਗੁਰੂ ਜੀ ਅੱਧੀ ਰਾਤ ਕਿਹੜੀ ਸੇਵਾ ਕਰਦੇ ਸਨ ?

3. ਸਤਿਗੁਰੂ ਜੀ ਸੇਵਾ ਕਰਨ ਲਈ ਕੀ ਹੁਕਮ ਕਰਦੇ ਸੀ ?

4. ਸਤਿਗੁਰੂ ਜੀ ਦੇ ਇਸ਼ਨਾਨ ਕਰਵਾਉਣ ਦਾ ਸਾਧ-ਸੰਗਤ ਨੂੰ ਕਿਉਂ ਨਹੀਂ ਸੀ ਪਤਾ ਲੱਗਦਾ ?

ਰਾਮ ਸੇਤੂ

ਤ੍ਰੇਤੇ ਯੁੱਗ ਵਿੱਚ ਭਗਵਾਨ ਰਾਮ ਚੰਦਰ ਜੀ ਆਪਣੇ ਪਿਤਾ ਮਹਾਰਾਜਾ ਦਸ਼ਰਥ ਦੇ ਹੁਕਮ ਅਨੁਸਾਰ 14 ਵਰ੍ਹੇ ਬਨਵਾਸ ਕੱਟਣ ਲਈ ਗਏ। ਜੰਗਲ ਵਿੱਚ ਪੰਚਵਟੀ ਵਿਖੇ ਆਪ ਜੀ ਨੇ ਆਪਣਾ ਡੇਰਾ ਲਾਇਆ। ਆਪ ਜੀ ਨਾਲ ਆਪ ਦੇ ਛੋਟੇ ਭਰਾ ਲਕਸ਼ਮਨ ਜੀ ਅਤੇ ਆਪ ਜੀ ਦੀ ਸੁਪਤਨੀ ਮਾਤਾ ਸੀਤਾ ਜੀ ਸਨ।



ਲੰਕਾ ਦਾ ਰਾਜਾ ਰਾਵਣ ਜੋ ਕਿ ਬਹੁਤ ਵਡਾ ਪੰਡਿਤ, ਵੇਦਾਂ ਦਾ ਗਿਆਤਾ ਅਤੇ ਬਲਵਾਨ ਸੀ। ਅਹੰਕਾਰ ਕਰਕੇ ਉਸਦੀ ਬੁੱਧੀ ਭ੍ਰਿਸ਼ਟ ਹੋ ਗਈ ਤੇ ਮਾਤਾ ਸੀਤਾ ਜੀ ਨੂੰ ਧੋਖੇ ਨਾਲ ਚੁੱਕ ਕੇ ਲੈ ਗਿਆ । ਭਗਵਾਨ ਰਾਮ ਚੰਦਰ ਜੀ ਨੂੰ ਸੂਚਨਾ ਮਿਲੀ ਕਿ ਸੀਤਾ ਨੂੰ ਲੰਕਾਪਤੀ ਰਾਵਣ ਲੈ ਗਿਆ ਹੈ । ਆਪ ਜੀ ਨੇ ਵਾਨਰ ਸੈਨਾ ਤਿਆਰ ਕੀਤੀ ਅਤੇ ਆਪ ਜੀ ਨੂੰ ਅੰਗਦ, ਸੁਗ੍ਰੀਵ, ਜਾਮਵੰਤ ਅਤੇ ਹਨੂੰਮਾਨ ਨੇ ਪੂਰਾ ਸਹਿਯੋਗ ਦਿੱਤਾ । ਰਾਵਣ ਦਾ ਛੋਟਾ ਭਰਾ ਵਿਭੀਸ਼ਨ ਵੀ ਭਗਵਾਨ ਰਾਮ ਚੰਦਰ ਜੀ ਦੇ ਨਾਲ ਮਿਲ ਗਿਆ ।

ਸੈਨਾ ਤਿਆਰ ਹੋਈ ਮਗਰ ਸਮੁੰਦਰ ਪਾਰ ਕਰਨਾ ਆਸਾਨ ਕੰਮ ਨਹੀਂ ਸੀ । ਭਗਵਾਨ ਰਾਮ ਚੰਦਰ ਨੇ ਸਮੁੰਦਰ ਨੂੰ ਬੇਨਤੀ ਕੀਤੀ ਕਿ ਉਹ ਰਸਤਾ ਦੇਵੇ । ਸਮੁੰਦਰ ਨੇ ਕਿਹਾ "ਆਪ ਜੀ ਦੀ ਸੈਨਾ ਵਿੱਚ ਨਲ ਨਾਮ ਦਾ ਇਕ ਵਾਨਰ ਹੈ ਜੋ ਸਮੁੰਦਰ ਪਾਰ ਕਰਨ ਲਈ ਪੁਲ ਬਣਾ ਸਕਦਾ ਹੈ। ਨਲ ਨੂੰ ਹੁਕਮ ਹੋ ਗਿਆ ਤੇ ਪੁਲ ਦਾ ਕੰਮ ਸ਼ੁਰੂ ਹੋ ਗਿਆ । ਪੱਥਰ ਪਾਣੀ ਵਿੱਚ ਪਾਏ ਗਏ ਪਰ ਉਹ ਡੁੱਬ ਗਏ। ਨਲ ਨੇ ਭਗਵਾਨ ਰਾਮ ਦਾ ਨਾਂ ਪੱਥਰ ਉੱਤੇ ਲਿਖਿਆ ਤੇ ਉਹ ਤੈਰਣ ਲੱਗ ਪਿਆ। ਹਰ ਪੱਥਰ ਉੱਤੇ ਭਗਵਾਨ ਰਾਮ ਦਾ ਨਾਮ ਲਿਖਿਆ ਗਿਆ ਅਤੇ ਪੰਜ ਦਿਨ ਵਿੱਚ ਪੁਲ ਬਣ ਕੇ ਤਿਆਰ ਹੋ ਗਿਆ । ਜਿਸ ਦਾ ਨਾਂ 'ਰਾਮ ਸੇਤੂ' ਰੱਖਿਆ ਗਿਆ ।

ਪੁਲ ਪਾਰ ਕਰਕੇ ਸੈਨਾ ਲੰਕਾ ਪਹੁੰਚੀ ਅਤੇ ਘੋਰ ਯੁੱਧ ਹੋਇਆ । ਯੁੱਧ ਉਪਰੰਤ ਭਗਵਾਨ ਰਾਮ ਚੰਦਰ ਜੀ ਅਹੰਕਾਰੀ ਰਾਵਣ ਨੂੰ ਮਾਰ ਕੇ ਮਾਤਾ ਸੀਤਾ ਨੂੰ ਵਾਪਸ ਲੈ ਆਏ।

ਪ੍ਰਸ਼ਨ:-

1. ਭਗਵਾਨ ਰਾਮ ਚੰਦਰ ਜੀ ਨੇ ਆਪਣੇ ਪਿਤਾ ਦੇ ਹੁਕਮ ਅਨੁਸਾਰ ਕਿੰਨੇ ਵਰ੍ਹੇ ਜੰਗਲ ਵਿੱਚ ਬਿਤਾਏ?

2. ਜੰਗਲ ਵਿੱਚ ਆਪ ਜੀ ਨਾਲ ਕੌਣ ਸੀ ?

3. ਰਾਵਣ ਦੀ ਬੁੱਧੀ ਭ੍ਰਸ਼ਟ ਹੋਣ ਤੇ ਉਸ ਨੇ ਕੀ ਕੀਤਾ ?

4. ਲੰਕਾ ਤੱਕ ਜਾਣ ਲਈ ਪੁੱਲ ਬਨਾਉਣ ਦਾ ਕੰਮ ਕਿਸ ਨੂੰ ਦਿੱਤਾ ਗਿਆ ?

5. ਪੱਥਰ ਪਾਣੀ ਉੱਤੇ ਕਿਵੇਂ ਤੈਰਣ ਲੱਗੇ ?

ਸ਼ਬਦ

ਭੈਰਉ ਮਹਲਾ ੫॥

ਊਠਤ ਸੁਖੀਆ ਬੈਠਤ ਸੁਖੀਆ ॥

ਭਉ ਨਹੀ ਲਾਗੈ ਜਾਂ ਐਸੇ ਬੁਝੀਆ ੧॥

ਰਾਖਾ ਏਕੁ ਹਮਾਰਾ ਸੁਆਮੀ ॥

ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥

ਸੋਇ ਅਚਿੰਤਾ ਜਾਗਿ ਅਚਿੰਤਾ ॥

ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥

ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ ॥

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

ਚਾਰ ਸਾਹਿਬਜ਼ਾਦੇ

1. ਬਾਬਾ ਅਜੀਤ ਸਿੰਘ ਜੀ
2. ਬਾਬਾ ਜੁਝਾਰ ਸਿੰਘ ਜੀ
3. ਬਾਬਾ ਜੋਰਾਵਰ ਸਿੰਘ ਜੀ
4. ਬਾਬਾ ਫਤਹਿ ਸਿੰਘ ਜੀ



ਕਵਿਤਾ

ਮੈਂ ਹਾਂ ਤੇਰਾ ਬੀਬਾ ਬਾਲ

ਮੈਂ ਹਾਂ ਤੇਰਾ ਬੀਬਾ ਬਾਲ
ਕਰੋ ਕਿਰਪਾ ਮੇਰੇ ਦੀਨ ਦਿਆਲ
ਕਦੇ ਨਾਂ ਆਪਣੇ ਕੇਸ ਕਟਾਵਾਂ
ਕਛਹਿਰਾ ਵੀ ਮੈਂ ਕਦੇ ਨਾ ਲਾਵਾਂ
ਨਿੱਤ ਸਵੇਰੇ ਕਰਾਂ ਇਸ਼ਨਾਨ
ਕੰਘੇ ਨਾਲ ਰੱਖਾਂ ਕਿਰਪਾਨ
ਭੈੜੇ ਕੰਮੋਂ ਮੈਨੂੰ ਕੜਾ ਹਟਾਵੇ
ਸ਼ੁਭ ਕੰਮਾਂ ਦੀ ਜਾਚ ਸਿਖਾਵੇ
ਧੋ ਕੇ ਹੱਥ ਮੈਂ ਪਰਸ਼ਾਦਾ ਛਕਾਂ
ਢੱਕ ਕੇ ਸਦਾ ਸਿਰ ਨੂੰ ਰੱਖਾਂ
ਹੱਥ ਮੈਂ ਮਾਂਜਾਂ ਜੰਗਲ ਜਾਕੇ
ਰੱਖਾਂ ਕੱਪੜੇ ਸੁੱਚੇ ਪਾ ਕੇ
ਸਭ ਦੇ ਨਾਲ ਮੈਂ ਮਿੱਠਾ ਬੋਲਾਂ
ਆਪਣੇ ਧਰਮ ਤੋਂ ਕਦੀ ਨਾ ਡੋਲਾਂ ।

ਅਮਲੀ ਅਭਿਆਸ

1.ਰੇਤ ਨਾਲ ਹੱਥ ਪਵਿੱਤਰ ਕਰਨ ਦੀ ਮਰਿਆਦਾ


- ਜੰਗਲ ਜਾਣ ਤੋਂ ਬਾਅਦ ਰੇਤੇ ਨਾਲ ਹੱਥ ਚੰਗੀ ਤਰ੍ਹਾਂ (ਪੰਜ ਵਾਰ) ਮਾਂਜਣੇ ।
- ਰੇਤਾ ਹੱਥਾਂ ਵਿੱਚ ਪਾ ਕੇ, ਦੋਨਾਂ ਹੱਥਾਂ ਨੂੰ ਮਲ ਕੇ ਮਾਂਜਣਾ ।
- ਪਾਣੀ ਨਾਲ ਧੋ ਕੇ ਫੇਰ ਸਾਬੁਣ ਨਾਲ ਹੱਥ ਧੋਣੇ ।

2. ਕਛਹਿਰਾ ਬਦਲਣ ਦੀ ਮਰਿਆਦਾ

- ਇਸ਼ਨਾਨ ਕਰਕੇ ਕਛਹਿਰਾ ਬਦਲਣਾ ।
- ਸਿਰ ਢੱਕ ਕੇ, ਪਹਿਲਾਂ ਇੱਕ ਪਹੁੰਚਾ ਲਾਹ ਕੇ ਦੂਜੇ ਕਛਹਿਰੇ ਦਾ ਪਹੁੰਚਾ ਪਾਉਣਾ ।
- ਫੇਰ ਦੂਜਾ ਪਹੁੰਚਾ ਲਾਹ ਕੇ ਕਛਹਿਰੇ ਦਾ ਪਹਿਲਾ ਪਹੁੰਚਾ ਪਾਉਣਾ ।
- ਕਦੀ ਵੀ ਪੂਰਾ ਕਛਹਿਰਾ ਨਹੀਂ ਲਾਹੁਣਾ ।

3. ਆਪਸ ਵਿੱਚ ਪਿਆਰ ਨਾਲ ਰਹਿਣਾ

- ਕਿਸੇ ਨੂੰ ਬੁਰਾ ਨਹੀਂ ਬੋਲਣਾ।
- ਨਿੱਕੀ-ਨਿੱਕੀ ਗੱਲ ਦਾ ਗੁੱਸਾ ਨਹੀਂ ਕਰਨਾ।
- ਇੱਕ ਦੂਸਰੇ ਨੂੰ ਮਿਲਣ ਵੇਲੇ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉਣੀ।



ਸ੍ਰੀ ਸਤਿਗੁਰੂ ਜੀ ਦੀ ਬਾਗ ਵਾਲੀ ਕੋਠੀ

ਸ੍ਰੀ ਭੈਣੀ ਸਾਹਿਬ

ਕਦੇ ਵੀ ਔਗੁਣ ਨਹੀਂ ਖਰੀਦਣਾ ਚਾਹੀਦਾ।
ਔਗੁਣ ਵੇਖਣੇ ਹੋਣ ਤਾਂ ਆਪਣੇ ਵੇਖੋ।
ਆਪਣੇ ਅੰਦਰ ਹੀ ਬਹੁਤ ਹਨ।
ਜੇ ਕਿਸੇ ਦੇ ਵੇਖਣੇ ਹਨ ਤਾਂ ਗੁਣ ਵੇਖੋ,
ਜੋ ਤੁਹਾਡੇ ਅੰਦਰ ਨਹੀਂ,
ਉਸਨੂੰ ਗ੍ਰਹਿਣ ਕਰ ਲਵੋ।

ਉਪਦੇਸ਼-
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਜਿਤਨੇ ਸਰੀਰ ਘਰ ਵਿਚ ਹੈਨ
ਸਬ ਨੇ ਬਾਣੀ ਕੰਠ ਕਰਨੀ ਤੇ
ਭਜਨ ਕਰਨਾ, ਨਾਲੇ ਬਾਣੀ ਪੜਨੀ।
ਸਵਾ ਪਹਿਰ ਤੇ ਉਠ ਕਰ
ਸਬ ਇਸਨਾਨੁ ਕਰਿਆ ਕਰੋ,
ਰਾਤ ਕੋ ਜੋਟੀਆ ਕੇ ਸਬਦ
ਪੜ ਲੈਣੇ ਥੋਹੜੇ।

ਹੁਕਮ- ਸ੍ਰੀ ਸਤਿਗੁਰੂ ਰਾਮ ਸਿੰਘ ਜੀ